Weekly

# CANADA SIKH TIMES

15-21 February 2026

ਕੈਨੇਡਾ ਸਿੱਖ ਟਾਈਮਜ਼

Volume 4 Issue 7

● RELIGION ● CULTURE ● HERITAGE ● BUSINESS

## ਸ਼੍ਰੋਮਣੀ ਕਮੇਟੀ ਨੇ ਸਿਕਲੀਗਰ ਸਿੱਖ ਬੱਚਿਆਂ ਦੀਆਂ ਫੀਸਾਂ ਲਈ ਦਿੱਤੇ 43 ਲੱਖ ਰੁਪਏ




ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਆਂਧਰਾ ਪ੍ਰਦੇਸ਼ ਦੇ ਵਿਸ਼ਾਖਾਪਟਨਮ ਤੇ ਵਿਜੇਵਾੜਾ ਅੰਦਰ ਸਿਕਲੀਗਰ ਸਿੱਖ ਬੱਚਿਆਂ ਦੀਆਂ ਸਕੂਲ/ਕਾਲਜ਼ ਦੀਆਂ ਫੀਸਾਂ ਲਈ 43 ਲੱਖ 3 ਹਜ਼ਾਰ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਨਿਰਦੇਸ਼ਾਂ ਤਹਿਤ ਇਹ ਸਹਾਇਤਾ ਰਾਸ਼ੀ ਕਮੇਟੀ ਦੇ ਮੈਂਬਰਾਂ ਨੇ ਆਂਧਰਾ ਪ੍ਰਦੇਸ਼ ਦੇ ਵੱਖ-ਵੱਖ ਥਾਵਾਂ 'ਤੇ ਪੜ੍ਹਦੇ ਸਿਕਲੀਗਰ ਬੱਚਿਆਂ ਦੀਆਂ ਫੀਸਾਂ ਦੇ ਰੂਪ ਵਿਚ ਸਕੂਲਾਂ ਨੂੰ ਸੌਂਪੀ। ਜ਼ਿਕਰਯੋਗ ਹੈ ਕਿ ਸ਼੍ਰੋਮਣੀ ਕਮੇਟੀ ਵੱਲੋਂ ਸਿਕਲੀਗਰ ਸਿੱਖ ਬੱਚਿਆਂ ਨੂੰ ਸਵੈ-ਨਿਰਭਰ ਬਣਾਉਣ ਲਈ ਹਰ ਸਾਲ ਬੱਚਿਆਂ ਦੀਆਂ ਫੀਸਾਂ ਭਰਨ ਦਾ ਫੈਸਲਾ ਕੀਤਾ ਹੋਇਆ ਹੈ। ਇਸੇ ਤਹਿਤ ਸ਼੍ਰੋਮਣੀ ਕਮੇਟੀ ਵੱਲੋਂ ਵਿੱਦਿਅਕ ਸਾਲ 2024-25 ਤੇ 2025-26 ਦੀਆਂ ਫੀਸਾਂ ਭੇਜੀਆਂ ਗਈਆਂ ਹਨ। ਇਸ ਸਬੰਧੀ ਗਲ ਕਰਦਿਆਂ ਸ਼੍ਰੋਮਣੀ ਕਮੇਟੀ (ਬਾਕੀ ਪੰਨਾ 4 'ਤੇ)

## Pushmeet Singh Leads Global AI Breakthroughs at Google DeepMind



Pushmeet Singh Kohli, an Indian-British computer scientist and Vice President of Research at Google DeepMind, continues to shape the global AI landscape through high-impact scientific innovation. Recently named among the 100 most influential people in AI by Time, Singh leads the Science and Strategic Initiatives Unit, driving projects that bridge artificial intelligence and real-world science. Under his leadership, AlphaFold revolutionized biology by accurately predicting 3D protein structures, accelerating drug discovery and medical research. His team also developed AlphaEvolve, an advanced evolutionary coding system, and SynthID, designed to detect and watermark AI-generated content. Another breakthrough, Co-Scientist, uses AI to generate and test scientific hypotheses.

## Elders in the Age of Misinformation

Social media has transformed communication, but its impact on elderly people deserves serious attention. For many seniors, platforms like Facebook and WhatsApp have become primary sources of news, connection, and daily engagement. While this digital inclusion is positive, it also carries risks that cannot be ignored.

Unlike younger generations who grew up with technology, many elderly users are not fully equipped to judge what is authentic and what is fabricated. They often lack the digital literacy needed to verify sources, check credibility, or identify manipulated content. As a result, anything that appears on their screen—especially if it aligns with their beliefs or fears—is frequently accepted as truth. The problem deepens when such content is shared unintentionally. Fake news, edited videos, and misleading health or political claims spread rapidly because they trigger emotion. Research consistently shows that false information often travels faster and influences people more strongly than verified facts. When seniors forward such messages to family groups or community circles, misinformation multiplies. This is not about blaming older generations. It is about recognizing a vulnerability. Families and communities must take responsibility for guiding elders in basic digital literacy—teaching them how to question sources, pause before sharing, and verify through trusted outlets. Social media can connect generations, but without awareness, it can also mislead them. Protecting our elders from digital misinformation is not merely a technological issue; it is a social responsibility.

- Chief Editor

DESH VIDESH

# ਸਿੱਖ ਧਰਮ ਵਿੱਚ ਕੇਸ਼ਾਂ ਦੀ ਮਹੱਤਤਾ
## ਇਤਿਹਾਸਕ, ਆਤਮਕ ਅਤੇ ਵਿਗਿਆਨਕ ਵਿਸ਼ਲੇਸ਼ਣ

ਸਿੱਖ ਧਰਮ ਵਿੱਚ ਕੇਸ਼ ਸਿਰਫ਼ ਬਾਹਰੀ ਰੂਪ ਨਹੀਂ, ਸਗੋਂ ਇੱਕ ਜੀਵੰਤ ਵਚਨਬੱਧਤਾ ਹਨ। ਇਹ ਰੂਹਾਨੀ ਅਨੁਸ਼ਾਸਨ, ਇਤਿਹਾਸਕ ਸ਼ਹਾਦਤ, ਅਤੇ ਗੁਰੂ ਦੀ ਆਗਿਆ ਦੇ ਪ੍ਰਤੀ ਸਿੱਖ ਦੀ ਨਿਭਾਉ ਦਾ ਪ੍ਰਤੀਕ ਹਨ। ਪੰਜ ਕਕਾਰਾਂ ਵਿੱਚੋਂ ਕੇਸ਼ ਮੂਲ ਅਤੇ ਅਟੱਲ ਕਕਾਰ ਹਨ, ਜਿਨ੍ਹਾਂ ਤੋਂ ਬਿਨਾਂ ਸਿੱਖ ਪਹਿਚਾਣ ਅਧੂਰੀ ਮੰਨੀ ਜਾਂਦੀ ਹੈ।



**ਇਤਿਹਾਸਕ ਪਿਛੋਕੜ**: ਸਿੱਖੀ ਦੀ ਸ਼ੁਰੂਆਤ ਤੋਂ ਹੀ ਗੁਰੂ ਸਾਹਿਬਾਨ ਨੇ ਮਨੁੱਖ ਨੂੰ ਕੁਦਰਤੀ ਰੂਪ ਵਿੱਚ ਜੀਉਣ ਦੀ ਪ੍ਰੇਰਣਾ ਦਿੱਤੀ। ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਦਸਵੇਂ ਪਾਤਸ਼ਾਹ ਤੱਕ, ਸਾਰੇ ਗੁਰੂ ਸਾਹਿਬਾਨ ਕੇਸ਼ਧਾਰੀ ਰਹੇ। 1699 ਦੀ ਵਿਸਾਖੀ ਨੂੰ ਅਨੰਦਪੁਰ ਸਾਹਿਬ ਵਿਖੇ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਾਜਨਾ ਕੀਤੀ। ਇਸ ਸਮੇਂ ਪੰਜ ਕਕਾਰਾਂ ਦੀ ਮਰਯਾਦਾ ਸਥਾਪਿਤ ਕੀਤੀ ਗਈ, ਜਿਸ ਵਿੱਚ ਕੇਸ਼ਾਂ ਨੂੰ ਅਟੁੱਟ ਰੱਖਣਾ ਅਨਿਵਾਰਯ ਕੀਤਾ ਗਿਆ।

ਇਸ ਤੋਂ ਪਹਿਲਾਂ ਵੀ ਸਿੱਖਾਂ ਵਿੱਚ ਕੇਸ਼ ਰੱਖਣ ਦੀ ਪਰੰਪਰਾ ਮੌਜੂਦ ਸੀ, ਪਰ ਖਾਲਸਾ ਰੂਪ ਵਿੱਚ ਇਹ ਧਾਰਮਿਕ ਹੁਕਮ ਦੇ ਤੌਰ ’ਤੇ ਸਥਾਪਿਤ ਹੋਇਆ। ਇਹ ਸਿਰਫ਼ ਨਿੱਜੀ ਆਚਰਨ ਨਹੀਂ ਸੀ; ਇਹ ਸਮਾਜਿਕ ਕ੍ਰਾਂਤੀ ਦਾ ਪ੍ਰਤੀਕ ਸੀ। ਮੁਗਲ ਸ਼ਾਸਨ ਦੇ ਦੌਰਾਨ ਸਿੱਖਾਂ ’ਤੇ ਜ਼ੁਲਮ ਹੋਏ। ਕਈ ਵਾਰ ਸਿੱਖਾਂ ਨੂੰ ਆਪਣੀ ਪਛਾਣ ਛੱਡਣ ਲਈ ਮਜਬੂਰ ਕੀਤਾ ਗਿਆ। ਪਰ ਸਿੱਖਾਂ ਨੇ ਕੇਸ਼ਾਂ ਦੀ ਰਖਿਆ ਲਈ ਸ਼ਹਾਦਤਾਂ ਦਿੱਤੀਆਂ। ਇਹ ਦੱਸਦਾ ਹੈ ਕਿ ਕੇਸ਼ ਸਿਰਫ਼ ਰਿਵਾਜ ਨਹੀਂ, ਸਗੋਂ ਆਤਮ-ਸਨਮਾਨ ਅਤੇ ਧਾਰਮਿਕ ਆਜ਼ਾਦੀ ਦਾ ਚਿੰਨ੍ਹ ਬਣ ਚੁੱਕੇ ਸਨ।

**ਗੁਰਮਤਿ ਦਰਸ਼ਨ ਅਤੇ ਕੇਸ਼:** ਸਿੱਖੀ ਦਾ ਕੇਂਦਰ ਗੁਰੂ ਗਰੰਥ ਸਾਹਿਬ ਹੈ। ਗੁਰਬਾਣੀ ਮਨੁੱਖ ਨੂੰ ਹੁਕਮ ਅੰਦਰ ਰਹਿਣ ਦੀ ਸਿੱਖਿਆ ਦਿੰਦੀ ਹੈ — “ਹੁਕਮਿ ਰਜਾਈ ਚਲਣਾ”। ਇਸ ਦਾ ਅਰਥ ਹੈ ਕਿ ਮਨੁੱਖ ਪ੍ਰਭੂ ਦੀ ਰਚਨਾ ਨੂੰ ਸਵੀਕਾਰ ਕਰੇ। ਕੇਸ਼ਾਂ ਨੂੰ ਅਟੁੱਟ ਰੱਖਣਾ ਇਸ ਸਵੀਕਾਰਤਾ ਦਾ ਪ੍ਰਤੀਕ ਹੈ। ਮਨੁੱਖ ਆਪਣੇ ਸਰੂਪ ਨੂੰ ਮਨਮਰਜ਼ੀ ਨਾਲ ਨਾ ਬਦਲੇ, ਸਗੋਂ ਉਸ ਨੂੰ ਰੱਬੀ ਦਾਤ ਸਮਝੇ। ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਨੂੰ ਬਾਣੀ ਅਤੇ ਬਾਣਾ ਦੋਵਾਂ ਨਾਲ ਜੋੜਿਆ। ਕੇਸ਼ ਬਾਣੇ ਦਾ ਕੇਂਦਰੀ ਅੰਗ ਹਨ। ਇਹ ਸਿੱਖ ਨੂੰ ਹਰ ਵੇਲੇ ਯਾਦ ਦਿਵਾਉਂਦੇ ਹਨ ਕਿ ਉਹ ਗੁਰੂ ਦਾ ਸਿਪਾਹੀ ਹੈ — ਸਚਾਈ ਅਤੇ ਨਿਆਂ ਲਈ ਖੜ੍ਹਾ ਰਹਿਣ ਵਾਲਾ।

**ਪੰਜ ਕਕਾਰਾਂ ਵਿੱਚ ਕੇਸ਼ ਦੀ ਪ੍ਰਮੁੱਖਤਾ:** ਪੰਜ ਕਕਾਰ ਹਨ — ਕੇਸ਼, ਕੜਾ, ਕੰਘਾ, ਕਛਹਿਰਾ, ਕਿਰਪਾਨ। ਇਨ੍ਹਾਂ ਵਿੱਚ ਕੇਸ਼ ਮੂਲ ਹਨ। ਕੰਗਾ ਕੇਸ਼ਾਂ ਦੀ ਸਫ਼ਾਈ ਦਾ ਪ੍ਰਤੀਕ ਹੈ, ਜਿਸ ਨਾਲ ਇਹ ਸਪਸ਼ਟ ਹੁੰਦਾ ਹੈ ਕਿ ਸਿੱਖੀ ਅਵਿਵਸਥਾ ਨਹੀਂ, ਸਗੋਂ ਅਨੁਸ਼ਾਸਨ ਸਿਖਾਉਂਦੀ ਹੈ। ਕੇਸ਼ਾਂ ਨਾਲ ਦਸਤਾਰ ਸਿੱਖ ਦੀ ਮਰਯਾਦਾ ਅਤੇ ਸ਼ਾਨ ਦਾ ਪ੍ਰਤੀਕ ਬਣਦੀ ਹੈ। ਇਤਿਹਾਸ ਵਿੱਚ ਦਸਤਾਰ ਨੂੰ ਇਜ਼ਤ ਦਾ ਨਿਸ਼ਾਨ ਮੰਨਿਆ ਗਿਆ ਹੈ।

**ਵਿਗਿਆਨਕ ਅਤੇ ਪ੍ਰਕਿਰਤੀਕ ਦ੍ਰਿਸ਼ਟੀਕੋਣ:** ਵਿਗਿਆਨ ਅਨੁਸਾਰ ਕੇਸ਼ ਸਰੀਰ ਦੀ ਕੁਦਰਤੀ ਸੁਰੱਖਿਆ ਦਾ ਹਿੱਸਾ ਹਨ। ਉਦਾਹਰਣ ਲਈ ਸਿਰ ਦੇ ਵਾਲ ਤਾਪਮਾਨ ਨੂੰ ਸੰਤੁਲਿਤ ਰੱਖਣ ਵਿੱਚ ਮਦਦ ਕਰਦੇ ਹਨ, ਧੁੱਪ ਤੇ ਅਲਟਰਾ ਵਾਇਲਟ ਕਿਰਨਾਂ ਤੋਂ ਬਚਾਉਂਦੇ ਹਨ ਅਤੇ ਦਾਢੀ-ਮੁੱਛ ਧੂੜ ਤੇ ਪ੍ਰਦੂਸ਼ਣ ਨੂੰ ਫਿਲਟਰ ਕਰਨ ਵਿੱਚ ਸਹਾਇਕ ਹੁੰਦੇ ਹਨ। ਜੈਵਿਕ ਪੱਖੋਂ ਵਾਲ ਸਰੀਰ ਦੀ ਕੁਦਰਤੀ ਬਣਾਵਟ ਹਨ। ਉਨ੍ਹਾਂ ਨੂੰ ਅਟੁੱਟ ਰੱਖਣਾ ਪ੍ਰਕਿਰਤੀ ਨਾਲ ਸਹਜਤਾ ਦਾ ਪ੍ਰਤੀਕ ਹੈ। ਮਨੋਵਿਗਿਆਨਕ ਪੱਖੋਂ, ਵਿਲੱਖਣ ਪਛਾਣ ਆਤਮ-ਵਿਸ਼ਵਾਸ ਨੂੰ ਮਜ਼ਬੂਤ ਕਰਦੀ ਹੈ। ਕੇਸ਼ ਅਤੇ ਦਸਤਾਰ ਸਿੱਖ ਨੂੰ ਸਮਾਜ ਵਿੱਚ ਵਿਲੱਖਣ ਪਛਾਣ ਦਿੰਦੇ ਹਨ, ਜੋ ਉਸ ਵਿੱਚ ਜ਼ਿੰਮੇਵਾਰੀ ਅਤੇ ਨੈਤਿਕਤਾ ਦਾ ਅਹਿਸਾਸ ਜਗਾਉਂਦੇ ਹਨ।

**ਸਮਾਜਿਕ ਅਤੇ ਨੈਤਿਕ ਅਰਥ:** ਕੇਸ਼ ਸਿੱਖ ਨੂੰ ਹਰ ਵੇਲੇ ਯਾਦ ਦਿਵਾਉਂਦੇ ਹਨ ਕਿ ਉਹ ਗੁਰੂ ਦਾ ਪ੍ਰਤੀਨਿਧੀ ਹੈ। ਅਰਥਾਤ ਗਲਤ ਕੰਮ ਤੋਂ ਬਚਾਉਣਾ, ਨੈਤਿਕ ਜੀਵਨ ਜੀਉਣਾ ਅਤੇ ਨਿਡਰਤਾ ਨਾਲ ਸਚ ਦਾ ਸਾਥ ਦੇਣ ਦਾ ਸੁਨੇਹਾ ਦਿੰਦੇ ਹਨ। ਇਹ ਸਿਰਫ਼ ਬਾਹਰੀ ਚਿੰਨ੍ਹ ਨਹੀਂ, ਸਗੋਂ ਅੰਦਰੂਨੀ ਅਨੁਸ਼ਾਸਨ ਦਾ ਪ੍ਰਤੀਕ ਹਨ।

**ਆਧੁਨਿਕ ਯੁੱਗ ਵਿੱਚ ਪ੍ਰਸੰਗਿਕਤਾ:** ਅੱਜ ਦੇ ਸਮੇਂ ਵਿੱਚ, ਜਿੱਥੇ ਬਾਹਰੀ ਰੂਪ ਅਤੇ ਫੈਸ਼ਨ ਬਹੁਤ ਪ੍ਰਭਾਵਸ਼ਾਲੀ ਹਨ, ਉਥੇ ਕੇਸ਼ ਰੱਖਣਾ ਕਈ ਵਾਰ ਚੁਣੌਤੀ ਬਣ ਜਾਂਦਾ ਹੈ। ਪਰ ਇਹ ਚੁਣੌਤੀ ਹੀ ਸਿੱਖੀ ਦੀ ਅਸਲੀ ਕਸੌਟੀ ਹੈ। ਨੌਜਵਾਨ ਲਈ ਕੇਸ਼ ਸਿਰਫ਼ ਰਿਵਾਜ ਨਹੀਂ, ਸਗੋਂ ਆਪਣੀ ਵਿਰਾਸਤ ਨਾਲ ਜੁੜੇ ਰਹਿਣ ਦਾ ਮਾਧਿਅਮ ਹਨ। ਜਦੋਂ ਇੱਕ ਨੌਜਵਾਨ ਆਪਣੇ ਕੇਸ਼ਾਂ ‘ਤੇ ਮਾਣ ਕਰਦਾ ਹੈ, ਤਾਂ ਉਹ ਆਪਣੇ ਇਤਿਹਾਸ ਅਤੇ ਗੁਰੂ ਦੀ ਆਗਿਆ ਨਾਲ ਜੋੜ ਮਜ਼ਬੂਤ ਕਰਦਾ ਹੈ।

**ਗੁਰੂ ਦੀ ਆਗਿਆ ਅਤੇ ਅਟੁੱਟ ਨਿਭਾਉ:** ਖਾਲਸਾ ਪੰਥ ਦੀ ਸਾਜ਼ਨਾ ਵੇਲੇ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਨੂੰ ਇੱਕ ਅਲੱਗ ਪਛਾਣ ਦਿੱਤੀ। ਇਹ ਪਛਾਣ ਕੇਵਲ ਰੂਪਕ ਨਹੀਂ ਸੀ; ਇਹ ਆਤਮਕ ਕ੍ਰਾਂਤੀ ਸੀ। ਗੁਰੂ ਦੀ ਆਗਿਆ ਸਿੱਖ ਲਈ ਅੰਤਿਮ ਮਰਯਾਦਾ ਹੈ। ਕੇਸ਼ ਰੱਖਣਾ ਉਸ ਆਗਿਆ ਦੀ ਪਾਲਣਾ ਹੈ। ਇਹ ਨਿਭਾਉ ਸਿੱਖ ਦੇ ਅੰਦਰ ਆਤਮਿਕ ਤਾਕਤ ਪੈਦਾ ਕਰਦਾ ਹੈ।

**ਨਿਸਕਰਸ਼:** ਕੇਸ਼ ਸਿੱਖ ਧਰਮ ਵਿੱਚ ਸਿਰਫ਼ ਵਾਲ ਨਹੀਂ, ਸਗੋਂ ਇਤਿਹਾਸਕ ਸ਼ਹਾਦਤਾਂ ਦੀ ਯਾਦ, ਗੁਰਬਾਣੀ ਦੇ ਸਿਧਾਂਤਾਂ ਦੀ ਪਾਲਣਾ, ਗੁਰੂ ਦੀ ਆਗਿਆ ਦੀ ਨਿਭਾਉ ਅਤੇ ਆਤਮ-ਗੌਰਵ ਅਤੇ ਨੈਤਿਕਤਾ ਦਾ ਪ੍ਰਤੀਕ ਹਨ। ਜਦੋਂ ਅਸੀਂ ਕੇਸ਼ਾਂ ਨੂੰ ਇਤਿਹਾਸਕ, ਆਤਮਕ ਅਤੇ ਵਿਗਿਆਨਕ ਪੱਖੋਂ ਸਮਝਦੇ ਹਾਂ, ਤਾਂ ਇਹ ਸਿਰਫ਼ ਪਰੰਪਰਾ ਨਹੀਂ ਰਹਿੰਦੇ, ਸਗੋਂ ਜੀਵਨ ਦੀ ਇੱਕ ਸਚੇਤ ਅਤੇ ਅਨੁਸ਼ਾਸਿਤ ਰਾਹ ਬਣ ਜਾਂਦੇ ਹਨ।

**– ਹਰਮਨ ਸਿੰਘ (ਕੈਨੇਡਾ)**

HERITAGE

# First Gurdwara Sahib Established in Ghana, Africa



The first Gurdwara Sahib in the African country of Ghana has been inaugurated as a symbol of cultural unity. Named 'Sahib Da Gurdwara,' it was opened on February 8 in the East Legon area.

The Gurdwara will serve not only as a place of worship but also as a center for spiritual education, social service, and personal development. A central Sikh tradition of langar, where free meals are served regardless of caste or creed, will also continue here.At the inauguration, Amardeep Singh Hari, Chairman of IPMC, spoke about Guru Nanak Dev Ji's founding of Sikhism in the 15th century. He emphasized that Sikhism is based on the belief in one God and the equality of all humans. He highlighted that Gurdwaras worldwide are open to both Sikhs and non-Sikhs, serving as centers of humanitarian service.

The Indian community has been present in Ghana since the early 1900s, when Sindhi traders established themselves in business and industry. Later, Punjabi Sikh professors took academic positions at the University of Ghana. Today, Indians from all 28 states are active in various sectors, including steel, pharmaceuticals, and IT. The new Gurdwara will further strengthen this unity and promote the Sikh values of equality, service, and humanity in Ghana.

## ਫ਼ਰਾਂਸੀਸੀ ਰਾਸ਼ਟਰਪਤੀ ਇਮੈਨੁਅਲ ਮੈਕ੍ਰੋਂ ਗੁਰਦੁਆਰਾ ਬੰਗਲਾ ਸਾਹਿਬ ਹੋਏ ਨਤਮਸਤਕ



ਫ਼ਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਇਨ੍ਹੀਂ ਦਿਨੀਂ ਭਾਰਤ ਦੇ ਦੌਰੇ 'ਤੇ ਆਏ ਹੋਏ ਹਨ। ਇਸ ਦੌਰਾਨ ਜਿੱਥੇ ਦੋਵਾਂ ਦੇਸ਼ਾਂ ਵਿਚਾਲੇ ਰਣਨੀਤਕ ਸਬੰਧਾਂ ਨੂੰ ਮਜ਼ਬੂਤ ਕਰਨ 'ਤੇ ਚਰਚਾ ਹੋ ਰਹੀ ਹੈ, ਉੱਥੇ ਹੀ ਰਾਸ਼ਟਰਪਤੀ ਮੈਕਰੋਨ ਭਾਰਤੀ ਸੰਸਕ੍ਰਿਤੀ ਅਤੇ ਅਧਿਆਤਮਿਕਤਾ ਦੇ ਰੰਗ ਵਿੱਚ ਰੰਗੇ ਹੋਏ ਨਜ਼ਰ ਆਏ। ਇਸ ਦੌਰੇ ਦੌਰਾਨ ਰਾਸ਼ਟਰਪਤੀ ਮੈਕਰੋਨ ਨੇ ਦਿੱਲੀ ਦੇ ਪ੍ਰਸਿੱਧ ਇਤਿਹਾਸਕ ਗੁਰਦੁਆਰਾ ਬੰਗਲਾ ਸਾਹਿਬ ਵਿਖੇ ਮੱਥਾ ਟੇਕਿਆ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ।

ਗੁਰਦੁਆਰਾ ਸਾਹਿਬ ਪਹੁੰਚਣ 'ਤੇ ਰਾਸ਼ਟਰਪਤੀ ਮੈਕਰੋਨ ਦਾ ਨਿੱਘਾ ਸਵਾਗਤ ਕੀਤਾ ਗਿਆ। ਉਨ੍ਹਾਂ ਨੇ ਮਰਿਆਦਾ ਅਨੁਸਾਰ ਦਰਬਾਰ ਸਾਹਿਬ ਵਿੱਚ ਮੱਥਾ ਟੇਕਿਆ। ਇਸ ਦੌਰਾਨ ਉਨ੍ਹਾਂ ਨੇ ਗੁਰਦੁਆਰਾ ਸਾਹਿਬ ਦੀ ਸ਼ਾਂਤੀ, ਸੇਵਾ ਭਾਵਨਾ ਤੇ ਮਨੁੱਖਤਾ ਲਈ ਬਿਨਾਂ ਕਿਸੇ ਭੇਦ-ਭਾਵ ਦੇ ਲਗਾਤਾਰ ਚੱਲਦੇ ਲੰਗਰ ਦੀ ਵੀ ਸ਼ਲਾਘਾ ਕੀਤੀ। ਪ੍ਰਬੰਧਕਾਂ ਵੱਲੋਂ ਉਨ੍ਹਾਂ ਨੂੰ ਗੁਰੂ ਘਰ ਦੀ ਬਖ਼ਸ਼ਿਸ਼ ਸਿਰੋਪਾਓ ਅਤੇ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਨਮਾਨਿਤ ਵੀ ਕੀਤਾ ਗਿਆ।

## ◆◆ ਰੋਸੁ ਨ ਕੀਜੈ ਉਤਰੁ ਦੀਜੈ ◆◆

**1. ਮਾਂ ਬੋਲੀ ਨਾਲ ਪਿਆਰ ਕਰਨ ਦਾ ਸਭ ਤੋਂ ਵਧੀਆ ਤਰੀਕਾ ਕੀ ਹੈ?**

A. ਰੋਜ਼ਾਨਾ ਜੀਵਨ ਵਿੱਚ ਇਸਦੀ ਵਰਤੋਂ
B. ਪੰਜਾਬੀ ਸਾਹਿਤ ਪੜ੍ਹਨਾ
C. ਪੰਜਾਬੀ ਗੀਤ ਅਤੇ ਕਵਿਤਾਵਾਂ ਸੁਣਨਾ
D. ਉਪਰੋਕਤ ਸਾਰੇ

**2. ਮਾਂ ਬੋਲੀ ਕਿਉਂ ਜ਼ਰੂਰੀ ਹੈ?**

A. ਇਹ ਸਾਡੀ ਜੜ੍ਹਾਂ ਨਾਲ ਜੋੜਦੀ ਹੈ
B. ਇਹ ਸੋਚਣ ਦੀ ਸਮਰਥਾ ਨਿਖਾਰਦੀ ਹੈ
C. ਇਹ ਸੱਭਿਆਚਾਰਕ ਵਿਰਾਸਤ ਸੰਭਾਲਦੀ ਹੈ
D. ਉਪਰੋਕਤ ਸਾਰੇ

**3. The script used for Punjabi in India is:**

A. Shahmukhi B. Devanagari
C. Gurmukhi D. Roman

**4. International Mother Language Day is celebrated on:**

A. 14 November B. 21 February
C. 5 September D. 10 December

(ਦੇਖੋ ਉੱਤਰ ਪੰਨਾ 4 'ਤੇ)

## ਕੈਨੇਡਾ ਦੇ ਤਿੰਨ ਸਿੱਖ ਮੈਂਬਰ ਪਾਰਲੀਮੈਂਟ ਹਰਿਮੰਦਰ ਸਾਹਿਬ ਹੋਏ ਨਤਮਸਤਕ



ਕੈਨੇਡਾ ਦੇ ਮੈਂਬਰ ਪਾਰਲੀਮੈਂਟ ਜਸਰਾਜ ਸਿੰਘ ਹੱਲਣ, ਅਮਨਪ੍ਰੀਤ ਸਿੰਘ ਗਿੱਲ ਤੇ ਦਲਵਿੰਦਰ ਸਿੰਘ ਗਿੱਲ ਨੇ ਅੱਜ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋ ਕੇ ਸ਼ਰਧਾ ਦਾ ਪ੍ਰਗਟਾਵਾ ਕੀਤਾ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਤੇ ਹੋਰ ਸੀਨੀਅਰ ਆਗੂਆਂ ਨੇ ਸ੍ਰੀ ਦਰਬਾਰ ਸਾਹਿਬ ਦੇ ਸੂਚਨਾ ਕੇਂਦਰ ਵਿਖੇ ਮੈਂਬਰ ਪਾਰਲੀਮੈਂਟ ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਮਾਡਲ, ਸਿਰੋਪਾਓ ਅਤੇ ਧਾਰਮਿਕ ਪੁਸਤਕਾਂ ਦੇ ਕੇ ਸਨਮਾਨਿਤ ਕੀਤਾ।

ਇਸ ਮੌਕੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਗੁਰੂ ਨੇ ਸਿੱਖ ਨੂੰ ਬਖ਼ਸ਼ਿਸ਼ ਕੀਤੀ ਹੈ ਕਿ ਉਹ ਜਿਥੇ ਵੀ ਰਹੇ ਸਰਬੱਤ ਦੇ ਭਲੇ ਦਾ ਕਾਰਜ ਕਰੇ। ਇਸੇ ਤਹਿਤ ਹੀ ਦੇਸ਼ ਦੁਨੀਆਂ ਅੰਦਰ ਵੱਸੇ ਸਿੱਖ ਗੁਰੂ ਆਸ਼ੇ ਅਨੁਸਾਰ ਕਾਰਜ ਕਰਦਿਆਂ ਵੱਡੀਆਂ ਮੱਲਾਂ ਮਾਰ ਰਹੇ ਹਨ। ਕੈਨੇਡਾ ਦੀ ਧਰਤੀ ’ਤੇ ਵੀ ਸਿੱਖਾਂ ਨੇ ਕਾਰੋਬਾਰਾਂ ਦੇ ਨਾਲ-ਨਾਲ ਸਿਆਸਤ ਵਿਚ ਵੀ ਵੱਡੇ ਮੁਕਾਮ ਹਾਸਲ ਕੀਤੇ ਹਨ। ਐਡਵੋਕੇਟ ਧਾਮੀ ਨੇ ਕਿਹਾ ਕਿ ਖ਼ੁਸ਼ੀ ਦੀ ਗੱਲ ਹੈ ਕਿ ਕੈਨੇਡਾ ਦੇ ਮੈਂਬਰ ਪਾਰਲੀਮੈਂਟ ਪੂਰਨ ਤੌਰ ’ਤੇ ਸਿੱਖੀ ਸਰੂਪ ਵਿਚ ਹਨ, ਜੋ ਨੌਜੁਆਨਾਂ ਲਈ ਪ੍ਰੇਰਣਾ ਸਰੋਤ ਵੀ ਹਨ। ਉਨ੍ਹਾਂ ਕਿਹਾ ਕਿ ਨੌਜੁਆਨ ਐਮਪੀ ਜਿਥੇ ਆਪਣੇ ਖੇਤਰ ਵਿਚ ਵੱਡੀਆਂ ਸੇਵਾਵਾਂ ਨਿਭਾ ਰਹੇ ਹਨ, ਉਥੇ ਹੀ ਸਿੱਖੀ ਦੇ ਪ੍ਰਚਾਰ ਲਈ ਵੀ ਵੱਡਾ ਯੋਗਦਾਨ ਪਾ ਰਹੇ ਹਨ।

## Bhasha Vibhag to Hold Grand Mother Tongue Day Celebrations



The Punjab Language Department (ਭਾਸ਼ਾ ਵਿਭਾਗ, ਪੰਜਾਬ) will organize events at various locations to mark Mother Tongue Day (ਮਾਂ ਬੋਲੀ ਦਿਵਸ), with the state-level event being held at the main office in Patiala. Director Jaswant Singh Zafar announced that on February 21, during the state event in Patiala, Dr. Satnam Singh Sandhu will deliver a special lecture on “The Current Status and Future Challenges of the Punjabi Language.” A book by author Lakhewali will also be presented, followed by a play, “Peedi Dar Peedi,” directed by Dr. Lakha Lahiri.

In the evening, Punjabi Sahit Academy Ludhiana, on their invitation, will stage the play “Sohni Mahival” at Punjabi Bhavan. In Sri Muktsar Sahib, the district language office will organize a speech competition on February 21 at Bawa Nihal Singh B.Ed. College. In Mansa, a special lecture by Dr. Somi Ram on “From Village to Global Village” will be held at Ambedkar Bhavan. In Ferozepur, the district language office will host a literary event on “Mother Tongue and Literature: Various Perspectives,” where Harmit Vidyarthi will deliver a special address. On February 23, the district language office in Mohali will hold a discussion on Amarjeet Grewal’s book “*Adbhut Di Wapsi*.”

## ਸ਼੍ਰੋਮਣੀ ਕਮੇਟੀ ਨੇ ਸਿਕਲੀਗਰ ਸਿੱਖ ਬੱਚਿਆਂ...

ਮੈਂਬਰ ਭਾਈ ਰਜਿੰਦਰ ਸਿੰਘ ਮਹਿਤਾ ਨੇ ਕਿਹਾ ਕਿ ਵੱਖ ਵੱਖ ਸੂਬਿਆਂ ਅੰਦਰ ਵੱਸਦੇ ਸਿਕਲੀਗਰ ਸਿੱਖ ਸਮਾਜ ਦਾ ਅਹਿਮ ਅੰਗ ਹਨ ਜਿਨ੍ਹਾਂ ਦੇ ਬੱਚਿਆਂ ਦੀ ਪੜ੍ਹਾਈ ਲਈ ਸ਼੍ਰੋਮਣੀ ਕਮੇਟੀ ਨਿਰੰਤਰ ਯਤਨਸ਼ੀਲ ਹੈ। ਉਨ੍ਹਾਂ ਕਿਹਾ ਕਿ ਇਹ ਫੀਸਾਂ ਦੇਣ ਦਾ ਮੰਤਵ ਸਿਕਲੀਗਰ ਸਿੱਖ ਬੱਚਿਆਂ ਨੂੰ ਸਵੈ-ਨਿਰਭਰ ਬਣਾਉਣ ਲਈ ਸਿੱਖਿਅਤ ਕਰਨਾ ਹੈ, ਤਾਂ ਜੋ ਭਵਿੱਖ ਵਿਚ ਉਹ ਆਪਣੇ ਪੈਰਾਂ ’ਤੇ ਖੜ੍ਹੇ ਹੋ ਸਕਣ। ਉਨ੍ਹਾਂ ਕਿਹਾ ਕਿ ਸਾਡੇ ਲਈ ਖੁਸ਼ੀ ਦੀ ਗੱਲ ਹੈ ਕਿ ਬਹੁਤ ਸਾਰੇ ਬੱਚੇ ਸ਼੍ਰੋਮਣੀ ਕਮੇਟੀ ਦੇ ਸਹਿਯੋਗ ਨਾਲ ਪੜ੍ਹ ਕੇ ਨੌਕਰੀਆਂ ਪ੍ਰਾਪਤ ਕਰ ਰਹੇ ਹਨ, ਜੋ ਆਪਣੇ ਪਰਿਵਾਰ ਦਾ ਸਹਾਰਾ ਬਨਣਗੇ। ◆◆


## SIKH MATRIMONIALS

Gursikh girl 31/5’3”/PGDM,Canada/B2 level French/ Profession Bilingual Accounts Receivable Associate, Canada PR Contact +91 98715 50900

Gursikh girl 33/5’2”/BTech. Worked in Ericssonfor 4 years/ Working Part-time and doing online course/ Canada PR Contact +91 98715 50900


ਪੰਨਾ 3 ’ਤੇ ਦਿੱਤੇ ਪ੍ਰਸ਼ਨਾਂ ਦੇ ਉੱਤਰ: 1. D 2. D 3. C 4. B

Chief Editor: Dr. Harjinder Singh Editor: Dr. Davinder Singh Designer: Pavit Singh

Advisory Board: Gujinder Singh (USA), Harpreet Kaur (Belgium), Harmohinder Singh (USA), Mamta Kaur (India), Taranpreet Singh (India), Harman Singh (Canada)



email: canadasikhtimes@gmail.com, M: +1 437 673 7555